

# ਤ੍ਰਿਪਤ ਬਾਜਵਾ ਦੇ ਕਰੀਬੀ ਨੂੰ ਹਟਾ ਕੇ ਪ੍ਰਤਾਪ ਬਾਜਵਾ ਦੇ ਕਰੀਬੀ ਨੂੰ ਚੇਅਰਮੈਨ ਲਾ ਦਿੱਤਾ

ਬਟਾਲਾ, 17 ਅਗਸਤ (ਪੋਸਟ ਬਿਊਰੋ)- ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦੇ ਕਰੀਬੀ ਤੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਕਸਤੂਰੀ ਲਾਲ ਸੇਠ ਨੂੰ ਅਹੁਦੇ ਤੋਂ ਹਟਾ ਕੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਦੇ ਕਰੀਬੀ ਪਵਨ ਕੁਮਾਰ ਪੰਮਾ ਨੂੰ ਕੱਲ੍ਹ ਟਰੱਸਟ ਦਾ ਚੇਅਰਮੈਨ ਬਣਾਇਆ ਗਿਆ ਹੈ।



ਕਸੂਤਰੀ ਲਾਲ ਸੇਠ ਨੇ ਦੱਸਿਆ ਕਿ ਉਸ ਨੂੰ ਅਹੁਦਾ ਛੱਡਣ ਲਈ ਕੱਲ੍ਹ ਲਿਖਤੀ ਹੁਕਮ ਮਿਲ ਗਿਆ ਸੀ। ਬਟਾਲਾ ਮਾਰਕੀਟ ਕਮੇਟੀ ਦੇ ਚੇਅਰਮੈਨ ਰਜਿੰਦਰ ਸਿੰਘ ਨੂੰ ਹਟਾਉਣ ਦੀ ਵੀ ਸੋਸ਼ਲ ਮੀਡੀਆ ਉੱਤੇ ਚਰਚਾ ਜ਼ੋਰਾਂ ਉੱਤੇ ਚੱਲਦੀ ਹੈ। ਉਹ ਵੀ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਦੇ ਕਰੀਬੀ ਹਨ। ਇਸ ਤੋਂ ਪਹਿਲਾਂ ਸਾਬਕਾ ਵਿਧਾਇਕ ਅਸ਼ਵਨੀ ਸੇਖੜੀ ਵੱਲੋਂ ਆਪਣੇ ਪੁੱਤਰ ਨੂੰ ਇਹ ਅਹੁਦਾ ਦਿਵਾਉਣ ਲਈ ਯਤਨ ਵੀ ਕੀਤੇ ਜਾਣ ਦੀ ਚਰਚਾ ਹੈ। ਦਿਲਚਸਪ ਗੱਲ ਇਹ ਹੈ ਕਿ ਮੰਤਰੀ ਤ੍ਰਿਪਤ ਰਾਜਿੰਦਰ ਸਿੰਘ ਬਾਜਵਾ ਪਾਰਟੀ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੇ ਧੜੇ ਵਿੱਚ ਹਨ ਅਤੇ ਰਾਜ ਸਭਾ ਮੈਂਬਰ ਬਾਜਵਾ ਅੱਜਕੱਲ੍ਹਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਧੜੇ ਨਾਲ ਹਨ। ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਨੇ ਨਿੱਜੀ ਦਿਲਚਸਪੀ ਲੈ ਕੇ ਬਟਾਲੇ ਦੀ ਨੁਹਾਰ ਬਦਲੀ ਅਤੇ ਪਾਰਟੀ ਨੂੰ ਨਗਰ ਨਿਗਮ ਚੋਣਾਂ ਵਿੱਚ ਸ਼ਾਨਦਾਰ ਜਿੱਤ ਦਿਵਾਈ ਸੀ, ਪਰ ਲੀਡਰਾਂ ਦੀ ਖਹਿਬਾਜ਼ੀ ਕਾਰਨ ਵਿਧਾਨ ਸਭਾ ਬਟਾਲਾ ਦੀਆਂ ਚੋਣਾਂ ਦੌਰਾਨ ਕਾਂਗਰਸ ਨੂੰ ਭਾਰੀ ਨੁਕਸਾਨ ਹੋਣ ਤੋਂ ਕੋਈ ਨਹੀਂ ਬਚਾਅ ਸਕਦਾ। ਬੀਤੇ ਦੋ ਦਿਨਾਂ ਤੋਂ ਕੈਬਨਿਟ ਮੰਤਰੀ ਤ੍ਰਿਪਤ ਰਜਿੰਦਰ ਸਿੰਘ ਬਾਜਵਾ ਦੇ ਕਰੀਬੀਆਂ ਨੂੰ ਹਟਾ ਕੇ ਰਾਜ ਸਭਾ ਮੈਂਬਰ ਪ੍ਰਤਾਪ ਸਿੰਘ ਬਾਜਵਾ ਦੇ ਕਰੀਬੀ ਸਾਥੀਆਂ ਨੂੰ ਚੇਅਰਮੈਨੀਆਂ ਦਿਵਾਉਣ ਦੀ ਸੋਸ਼ਲ ਮੀਡੀਆ ਉੱਤੇ ਚਰਚਾ ਨੇ ਕੱਲ੍ਹ ਸ਼ਾਮ ਹਕੀਕੀ ਰੂਪ ਵਿੱਚ ਫੈਸਲਾ ਕਰ ਦਿੱਤਾ।

### ਮਾਮਲਾ ਨਾਜਾਇਜ਼ ਸਬੰਧਾਂ ਦੇ ਸ਼ੱਕ ਦਾ:

# ਮਾਮੇ ਨੇ ਰਾਡ ਨਾਲ ਕੁੱਟ-ਕੁੱਟ ਕੇ ਭਾਣਜਾ ਮਾਰ ਸੁੱਟਿਆ

ਲੁਧਿਆਣਾ, 17 ਅਗਸਤ (ਪੋਸਟ ਬਿਊਰੋ)- ਜਗੀਰਪੁਰ ਰੋਡ ਉੱਤੇ ਰਾਜ ਐਨਕਲੇਵ ਵਿੱਚ 28 ਸਾਲਾ ਸਪਨ ਸ਼ਾਹ ਦਾ ਕਤਲ ਦਾ ਕੇਸਪੁਲਸ ਨੇ 24 ਘੰਟਿਆਂ ਵਿੱਚ ਹੱਲ ਕਰ ਲਿਆ ਹੈ। ਇਸ ਕੇਸ ਵਿੱਚ ਮ੍ਰਿਤਕ ਦੇ ਮਾਮੇ ਸਵਰਣ ਸ਼ਾਹ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਉਸ ਨੂੰ ਸ਼ੱਕ ਸੀ ਕਿ ਉਸ ਦੀ ਪਤਨੀ ਦੇ ਭਾਣਜੇ ਨਾਲ ਨਾਜਾਇਜ਼ ਸੰਬੰਧ ਹਨ, ਜਿਸ ਕਾਰਨ ਉਸ ਨੇ ਲੋਹੇ ਦੀ ਰਾਡ ਮਾਰ-ਮਾਰ ਉੱਤੇ ਉਸ ਨੂੰ ਮਾਰ ਦਿੱਤਾ ਹੈ।

ਪ੍ਰੈਸ ਕਾਰਨਫਰੰਸ ਵਿੱਚ ਜੁਆਇੰਟ ਪੁਲਸ ਕਮਿਸ਼ਨਰ ਦਿਹਾਤੀ ਸਚਿਨ ਗੁਪਤਾ ਨੇ ਦੱਸਿਆ ਕਿ ਮੂਲ-ਰੂਪ ’ਚ ਬਿਹਾਰ ਦੇ ਪਿੰਡ ਚਾਹਟਾ ਦਾ ਰਹਿਣ ਵਾਲਾ ਸਪਨ ਆਪਣੇ ਮਾਮੇ ਸਵਰਣ ਕੋਲ ਪਿਛਲੇ ਡੇਢ ਦਹਾਕੇ ਤੋਂ ਰਹਿ ਰਿਹਾ ਸੀ ਤੇ ਉਸ ਨਾਲ ਪ੍ਰਿੰਟਿੰਗ ਦਾ ਕੰਮ ਕਰਦਾ ਸੀ। ਇਸ ਦੇ ਨਾਲ ਹੀ ਉਹ ਇੱਟਾਂ ਵੀ ਵੇਚਦਾ ਸੀ।ਗੁਪਤਾ ਨੇ ਦੱਸਿਆ ਕਿ ਨਾਮਦੇਵ ਕਾਲੋਨੀ ਦਾ ਸਿੱਧੂ ਕੁਮਾਰ ਪਿਛਲੇ ਇੱਕ ਸਾਲ ਤੋਂ ਸਪਨ ਦੇ ਕੋਲ ਠੇਕੇਦਾਰੀ ਕਰਦਾ ਸੀ ਅਤੇ ਉਸ ਦੇ ਨਾਲ ਹੀ ਇੱਟਾਂ ਦੀ ਸਪਲਾਈ ਵੀ ਕਰਦਾ ਸੀ। ਜਦੋਂ ਸਪਨ ਨੇ ਭੱਠਾ ਮਾਲਕ ਅਭਿਸ਼ੇਕ ਦਾ ਫ਼ੋਨ ਨਾ ਰਸੀਵ ਕੀਤਾ ਤਾਂ ਉਸ ਨੇ 15 ਅਗਸਤ ਨੂੰ ਸਵੇਰੇ ਪੰਜ ਵਜੇ ਸਿੱਧੂ ਨੂੰ ਉਸ ਦੇ ਘਰ ਭੇਜਿਆ ਤਾਂ ਸਪਨ ਦੇ ਕਤਲ ਦਾ ਪਤਾ ਲੱਗਾ। ਸਪਨ ਦਾ ਬੇਰਹਿਮੀ ਨਾਲ ਕਤਲ ਕੀਤਾ ਗਿਆ ਸੀ। ਉਸ ਦੇ ਸਿਰ ਉੱਤੇ ਕਈ ਗਹਿਰੇ ਜ਼ਖ਼ਮ ਸਨ।ਉਨ੍ਹਾਂ ਨੇ ਦੱਸਿਆ ਕਿ ਪਹਿਲਾਂ ਤਾਂ ਮੁਲਜ਼ਮ ਨੇ ਪੁਲਸ ਨੂੰ ਗੁੰਮਰਾਹ ਕਰਨ ਦਾ ਯਤਨ ਕੀਤਾ, ਪਰ ਜਦੋਂ ਥੋੜ੍ਹੀ ਸਖ਼ਤੀ ਵਰਤੀ ਗਈ ਤਾਂ ਉਸ ਨੇ ਸਾਰਾ ਸੱਚ ਉਗਲ ਦਿੱਤਾ। ਸਵਰਣ ਨਸ਼ਾ ਸਮੱਗਲਿੰਗ ਦੇ ਕੇਸ ਵਿੱਚ ਪਿਛਲੇ ਦੋ ਸਾਲਾਂ ਤੋਂ ਕੇਂਦਰੀ ਜੇਲ੍ਹ ਵਿੱਚ ਸੀ। ਮਾਰਚ ਵਿੱਚ ਉਹ ਜੇਲ੍ਹ ਤੋਂ ਜ਼ਮਾਨਤ ਉੱਤੇ ਆਇਆ ਸੀ। ਉਸ ਨੂੰ ਭਿਣਕ ਪੈ ਗਈ ਕਿ ਉਸ ਦੀ ਗ਼ੈਰ-ਮੌਜੂਦਗੀ ਵਿੱਚ ਭਾਣਜੇ ਨੇ ਉਸ ਦੀ ਪਤਨੀ ਨਾਲ ਨਾਜਾਇਜ਼ ਸੰਬੰਧ ਬਣਾ ਲਏ ਹਨ।ਉਸ ਨੇ ਭਾਣਜੇ ਨੂੰ ਕਈ ਵਾਰ ਸਮਝਾਇਆ, ਪਰ ਉਹ ਬਾਜ਼ ਨਹੀਂ ਆਇਆ। 14-15 ਅਗਸਤ ਦੀ ਦਰਮਿਆਨੀ ਰਾਤ ਨੂੰ ਸਵਰਣ ਨੇ ਲੋਹੇ ਦੀ ਰਾਡ ਨਾਲ ਸਪਨ ਉੱਤੇ ਉਦੋਂ ਹਮਲਾ ਕਰ ਕੇ ਮਾਰ ਦਿੱਤਾ, ਜਦੋਂ ਉਹ ਘਰ ਦੇ ਥੱਲੇ ਫੈਕਟਰੀ ਦੇ ਹਾਲ ਵਿੱਚ ਸੌਂ ਰਿਹਾ ਸੀ।

# ਅੰਮ੍ਰਿਤਸਰ ਵਿੱਚੋਂ ਦੋ ਖਾੜਕੂ ਹਥਿਆਰਾਂ ਸਮੇਤ ਗ੍ਰਿਫ਼ਤਾਰ

ਖ਼ਾਸਾ, 17 ਅਗਸਤ (ਪੋਸਟ ਬਿਊਰੋ)- ਪੰਜਾਬ ਪੁਲਸ ਨੇ ਕੱਲ੍ਹ ਰਾਤ ਸੰਭਾਵੀ ਖਾੜਕੂ ਹਮਲੇ ਟਾਲਣ ਲਈ ਯੂ ਕੇ ਵਿਚਲੇ ਇੱਕ ਖਾੜਕੂ ਸੰਗਠਨ ਨਾਲ ਜੁੜੇ ਦੋ ਖਾੜਕੂਆਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਦੋ ਹੈਂਡ-ਗ੍ਰਨੇਡ, ਇੱਕ ਪਿਸਤੌਲ (9 ਐਮ ਐਮ) ਸਮੇਤ ਭਾਰੀ ਮਾਤਰਾ ਵਿੱਚ ਹਥਿਆਰ ਅਤੇ ਗੋਲਾ ਬਾਰੂਦ ਬਰਾਮਦ ਕੀਤਾ ਹੈ।





ਇਸ ਬਾਰੇ ਪੁਲਸ ਦੇ ਦੱਸਣ ਅਨੁਸਾਰ 15 ਅਤੇ 16 ਅਗਸਤ ਦੀ ਵਿਚਲੀ ਰਾਤ ਥਾਣਾ ਘਰਿੰਡਾ (ਅੰਮ੍ਰਿਤਸਰ-ਦਿਹਾਤੀ) ਦੇ ਅੱਡਾ ਖਾਸਾ ਨੇੜੇ ਇੱਕ ਚੈਕ-ਪੁਆਇੰਟਾਂ ਉੱਤੇ ਤਾਇਨਾਤ ਪੁਲਸ ਟੀਮ ਨੇ ਦੋ ਮੋਟਰਸਾਈਕਲ ਸਵਾਰਾਂ ਨੂੰ ਰੋਕਿਆ, ਜਿਨ੍ਹਾਂ ਦੀ ਪਛਾਣ ਅਮਨਪਾਲ ਸਿੰਘ ਵਾਸੀ ਸੁਲਤਾਨਵਿੰਡ ਰੋਡ ਅਤੇ ਸੈਮੀ ਵਾਸੀ ਅੰਮ੍ਰਿਤਸਰ ਵਜੋਂ ਹੋਈ। ਉਨ੍ਹਾਂ ਦੀ ਤਲਾਸ਼ੀ ਲੈਣ ਉੱਤੇ ਉਨ੍ਹਾਂ ਪਾਸੋਂ ਦੋ ਹੈਂਡ ਗ੍ਰਨੇਡ, ਦੋ ਪਿਸਤੌਲਾਂ (9 ਮਿਲੀਮੀਟਰ), ਚਾਰ ਮੈਗਜ਼ੀਨ ਅਤੇ 20 ਗੋਲੀਆਂ ਜ਼ਬਤ ਕੀਤੀਆਂ ਗਈਆਂ। ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਦਿਨਕਰ ਗੁਪਤਾ ਵੱਲੋਂ ਜਾਰੀ ਬਿਆਨ ਅਨੁਸਾਰ ਯੂ ਕੇ ਅਧਾਰਤ ਖਾੜਕੂ, ਜਿਨ੍ਹਾਂ ਦੀ ਸ਼ਿੰਗਾਰ ਬੰਬ ਵਿਚਵੀ ਸ਼ਮੂਲੀਅਤ ਸੀ, ਗੁਰਪ੍ਰੀਤ ਸਿੰਘ ਖਾਲਸਾ ਤੇ ਗੁਰਪ੍ਰੀਤ ਦੇ ਨਿਰਦੇਸ਼ਾਂ ਉੱਤੇ ਕੰਮ ਕਰਦੇ ਇਨ੍ਹਾਂ ਦੋ ਖਾੜਕੂਆਂ ਨੂੰ ਸਰਹੱਦ ਪਾਰ ਤੋਂ ਭੇਜੇ ਗਏ ਹਥਿਆਰਾਂ ਦੀ ਖੇਪ ਨੂੰ ਲੈਣ ਦਾ ਕੰਮ ਦਿਤਾ ਗਿਆ ਸੀ। ਉਨ੍ਹਾਂ ਕਿਹਾ ਕਿ ਇਹ ਖੇਪ ਕੁਝ ਦਿਨ ਪਹਿਲਾਂ ਅਟਾਰੀ-ਝਬਾਲ ਰੋਡ ਦੇ ਆਸ-ਪਾਸ ਦੇ ਸਰਹੱਦੀ ਖੇਤਰ ਵਿੱਚ ਆਈ ਸੀ। ਡੀ ਜੀ ਪੀ ਨੇ ਕਿਹਾ ਕਿ ਪਾਕਿਸਤਾਨੀ ਖੁਫੀਆ ਏਜੰਸੀ ਆਈ ਐਸ ਆਈ ਅਤੇ ਵਿਦੇਸ਼ਾਂ ਵਿਚਲੇ ਖਾੜਕੂਮਿਲ ਕੇ ਆਜ਼ਾਦੀ ਦਿਹਾੜੇ ਦੇ ਆਸ-ਪਾਸ ਕੋਈ ਵੱਡੀ ਕਾਰਵਾਈ ਕਰਨਾ ਚਾਹੁੰਦੇ ਹਨ। ਇਨ੍ਹਾਂ ਦੋਹਾਂ ਜਣਿਆਂ ਨੂੰ ਅੰਮ੍ਰਿਤਸਰ ਦੀ ਅਦਾਲਤ ਵਿੱਚ ਪੇਸ਼ ਕਰਕੇ ਚਾਰ ਦਿਨ ਦਾ ਪੁਲਸ ਰਿਮਾਂਡ ਲੈ ਲਿਆ ਗਿਆ ਹੈ।

# ਪਤਨੀ ਵੱਲੋਂ ਲੈਫਟੀਨੈਂਟ ਕਰਨਲ ਪਤੀ ’ਤੇ ਬਲਾਤਕਾਰ ਦਾ ਕੇਸ

ਮੁੱਲਾਂਪੁਰ ਦਾਖਾ, 17 ਅਗਸਤ (ਪੋਸਟ ਬਿਊਰੋ)- ਥਾਣਾ ਦਾਖਾ ਵਿੱਚ ਇੱਕ ਔਰਤ ਨੇ ਆਪਣੇ ਲੈਫਟੀਨੈਂਟ ਕਰਨਲ ਪਤੀ ਵਿਰੁੱਧ ਬਲਾਤਕਾਰ ਦੇ ਦੋਸ਼ ਵਿੱਚ ਕੇਸ ਦਰਜ ਕਰਵਾਇਆ ਹੈ।

ਸਬ ਇੰਸਪੈਕਟਰ ਕਮਲਦੀਪ ਕੌਰ ਦੇ ਦੱਸਣ ਅਨੁਸਾਰ ਜ਼ੀਰਕਪੁਰ ਦੀ ਔਰਤ ਨੇ ਸ਼ਿਕਾਇਤ ਦਿੱਤੀ ਹੈ ਕਿ ਉਸ ਦਾ ਵਿਆਹ ਅੱਠ ਦਸੰਬਰ 2010 ਨੂੰ ਹੋਇਆ ਸੀ, ਉਸ ਦਾ ਪਤੀ ਫੌਜ ਵਿੱਚ ਲੈਫਟੀਨੈਂਟ ਕਰਨਲ ਹੈ। ਉਹ ਆਰਮੀ ਕੈਂਪ ਬੱਦੋਵਾਲ ਵਿੱਚ ਤੈਨਾਤ ਹੈ। ਵਿਆਹ ਦੇ ਤਿੰਨ ਮਹੀਨੇ ਬਾਅਦ ਉਸ ਦਾ ਪਤੀ ਇਸ ਲਈ ਮਾਰਕੁੱਟ ਕਰਨ ਲੱਗਾ ਕਿ ਉਸ ਦਾ ਵਿਆਹ ਉਸ ਦੇ ਰੁਤਬੇ ਅਨੁਸਾਰ ਨਹੀਂ ਕੀਤਾ। ਵਿਆਹ ਦੇ ਬਾਅਦ ਉਨ੍ਹਾਂ ਦੇ ਘਰ ਬੇਟੇ ਨੇ ਜਨਮ ਲਿਆ। ਮਾਰਕੁੱਟ ਤੋਂ ਤੰਗ ਆ ਕੇ ਉਹ ਜੁਲਾਈ 2019 ਵਿੱਚ ਬੇਟੇ ਸਮੇਤ ਪੇਕੇ ਘਰ ਖੰਨੇ ਰਹਿਣ ਲੱਗੀ। ਮਾਰਚ 2021 ਵਿੱਚ ਉਸ ਦੇ ਪਤੀ ਦੀ ਪੋਸਟਿੰਗ ਬੱਦੋਵਾਲ (ਲੁਧਿਆਣਾ) ਹੋਈ ਤਾਂ ਉਸ ਦਾ ਪਤੀ ਫੋਨ ਕਰ ਕੇ ਬੇਟੇ ਨੂੰ ਮਿਲਣ ਨੂੰ ਕਹਿੰਦਾ ਰਹਿੰਦਾ ਸੀ ਅਤੇ ਖੰਨੇਆ ਕੇ ਕਈ ਵਾਰ ਘਰੋਂ ਬਾਹਰ ਬੇਟੇ ਨੂੰ ਮਿਲ ਕੇ ਜਾਂਦਾ ਸੀ। ਕਈ ਵਾਰ ਉਹ ਬੇਟੇ ਨੂੰ ਨਾਲ ਬੱਦੋਵਾਲ ਲੈ ਜਾਂਦਾ ਸੀ।ਉਸ ਨੇ ਦੱਸਿਆ ਕਿ ਉਸ ਦੇ ਪਤੀ ਨੇ ਫੋਨ ਕਰ ਕੇ ਕਿਹਾ ਕਿ ਉਹ ਉਸ ਦੀ ਸਹਿਮਤੀ ਨਾਲ ਉਸ ਨੂੰ ਤਲਾਕ ਦੇ ਦੇਵੇਗਾ ਅਤੇ ਉਹ ਇੱਕ ਵਾਰ ਵੈਲਕਮ ਪਾਰਟੀ ਵਿੱਚ ਬੱਦੋਵਾਲ ਕੈਂਪ ਆ ਜਾਏ ਤਾਂ ਉਹ 10 ਅਪ੍ਰੈਲ ਨੂੰ ਬੇਟੇ ਦੇ ਨਾਲ ਬੱਦੋਵਾਲ ਮਿਲਟਰੀ ਕੈਂਪ ਵਿੱਚ ਪਾਰਟੀ ਵਿੱਚ ਸ਼ਾਮਲ ਹੋਣ ਆ ਗਈ। ਪਾਰਟੀ ਖਤਮ ਹੋਣ ਦੇ ਬਾਅਦ ਉਹ ਉਸ ਨੂੰ ਮਿਲਟਰੀ ਕੈਂਪ ਬੱਦੋਵਾਲ ਲੈ ਗਿਆ, ਜਿੱਥੇ ਸਰੀਰਕ ਸੰਬੰਧ ਬਣਾਉਣ ਦੀ ਕੋਸ਼ਿਸ਼ ਕੀਤੀ। ਇੱਕ ਹਫਤਾ ਪਹਿਲੇ ਬੇਟਾ ਪਤੀ ਕੋਲ ਆਇਆ ਤਾਂ ਬਿਮਾਰ ਹੋ ਗਿਆ। 14 ਅਗਸਤ ਨੂੰ ਉਹ ਬੱਦੋਵਾਲ ਕੈਂਪ ਆਈ ਤਾਂ ਪਤੀ ਨੇ ਕਿਹਾ ਕਿ ਅੰਦਰ ਆ ਜਾਓ, ਕੋਈ ਗੱਲ ਕਰਨੀ ਹੈ। ਫਿਰ ਉਸ ਨੇ ਬੇਟੇ ਨੂੰ ਕਾਰ ਵਿੱਚ ਬੈਠਣ ਦੇ ਲਈ ਕਿਹਾ ਅਤੇ ਕਮਰੇ ਵਿੱਚ ਲੈ ਗਿਆ, ਜਿੱਥੇ ਜਬਰਨ ਸਰੀਰਕ ਸੰਬੰਧ ਬਣਾਏ ਅਤੇ ਧਮਕੀ ਦਿੱਤੀ ਕਿ ਜੇ ਉਸ ਦੇ ਬਾਰੇ ਕਿਸੇ ਨੂੰ ਦੱਸਿਆ ਤਾਂ ਜਾਨ ਤੋਂ ਮਾਰ ਦੇਵੇਗਾ।

## ਸਿਵਲ ਸਰਜਨ ਪਠਾਨਕੋਟ ਵਲੋਂ ਕੋਵਿਡ-19 ਦੀਆਂ ਵਧੀਆ ਸੇਵਾਵਾਂ ਪ੍ਰਦਾਨ ਕਰਨ ਵਾਲੇ ਕਰਮਚਾਰੀਆ ਸਨਮਾਨ



ਪਠਾਨਕੋਟ, 17 ਅਗਸਤ (ਰਾਜਿੰ-ਦਰ ਸਿੰਘ ਰਾਜਨ)- ਪੰਜਾਬ ਹੈਲਥ ਸਿਸਟਮ ਕਾਰਪੋਰੇਸ਼ਨ (ਸਿਹਤ ਵਿਭਾਗ) ਵੱਲੋਂ ਵਧੀਆ ਸੇਵਾਵਾਂ ਨਿਭਾਉਣ ਵਾਲੇ ਕਰਮਚਾਰੀਆਂ ਦਾ ਹੋਰ ਮਨੋਬਲ ਵਧਾਉਣ ਲਈ ਉਨਾਂ ਨੂੰ ਸਮੇਂ-ਸਮੇਂ ਸਨਮਾਨ ਪੱਤਰਾ ਨਾਲ ਨਿਵਾਜਿਆ ਜਾਂਦਾ ਹੈ। ਇਸੇ ਕੜੀ ਦੇ ਤਹਿਤ ਅੱਜ ਸਿਵਲ ਸਰਜਨ ਪਠਾਨਕੋਟ ਡਾ: ਹਰਵਿੰਦਰ ਸਿੰਘ ਨੇ ਕੋਵਿਡ-19 ਦੀਆਂ ਵਧੀਆ ਸੇਵਾਵਾਂ ਪ੍ਰਦਾਨ ਕਰਨ ਵਾਲੇ ਸਿਹਤ ਵਿਭਾਗ ਦੇ ਅਵਿਨ-ਾਸ਼ ਸ਼ਰਮਾ, ਅੰਮ੍ਰਿਤ ਸਿੰਘ, ਅਨੋਖ ਲਾਲ, ਸਾਰੇ ਹੈਲਥ ਇੰਸਪੈਕਟਰ ਤੇ ਸੁਰਿੰਦਰ ਕੁਮਾਰ ਅਤੇ ਪਾਰਸ ਨੂੰ ਵਿਸ਼ੇਸ਼ ਤੌਰ ਤੇ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ। ਸਨਮਾਨਿਤ ਕੀਤੇ ਉਕਤ ਕਰਮਚਾਰੀਆਂ ਨੇ ਸਿਵਲ ਸਰਜਨ ਪਠਾਨਕੋਟ ਡਾਕਟਰ ਹਰਵਿੰਦਰ ਸਿੰਘ ਦਾ ਧੰਨਵਾਦ ਕਰਦਿਆਂ ਭਰੋਸਾ ਪ੍ਰਗਟਾਇਆ ਕਿ ਉਹ ਅਗਾਂਹ ਵੀ ਸਿਹਤ ਵਿਭਾਗ ਵਿਚ ਇਮਾਨਦਾਰੀ ਅਤੇ ਤਨਦੇਹੀ ਨਾਲ ਸੇਵਾ ਨਿਭਾਉਂਦੇ ਰਹਿਣਗੇ। ਹੋਰਨਾਂ ਤੋਂ ਇਲਾਵਾ ਇਸ ਮੌਕੇ ਡਾ: ਅਦਿਤੀ ਸਲਾਰੀਆ ਸਹਾਇਕ ਸਿਵਲ ਸਰਜਨ, ਡਾ:ਤਰਲੋਕਚ ਸਿੰਘ ਡੀ ਐਮ ਸੀ, ਡਾਕਟਰ ਅਮਨਦੀਪ, ਵਿਜੇ ਕੁਮਾਰੀ ਮਾਸ ਮੀਡੀਆ ਅਫਸਰ ਸ਼ਾਮਲ ਸਨ।

## 10.7 ਲੱਖ ਰੁਪਏ ਦੇ ਨਕਲੀ ਨੋਟਾਂ ਸਮੇਤ ਦੋ ਦੋਸ਼ੀ ਕਾਬੂ

ਪਟਿਆਲਾ, 17 ਅਗਸਤ (ਪੋਸਟ ਬਿਊਰੋ)- ਇਸ ਜ਼ਿਲੇ ਦੀ ਪੁਲਸ ਨੇ ਜਾਅਲੀ ਕਰੰਸੀ ਤਿਆਰ ਕਰਨ ਵਾਲੇ ਗਿਰੋਹ ਦਾ ਪਰਦਾਫਾਸ਼ ਕਰ ਕੇ ਤਿੰਨ ਜਣਿਆਂ ਨੂੰ ਕਾਬੂ ਕੀਤਾ ਹੈ, ਇਨਾਂ ਵਿੱਚ ਇੱਕ ਔਰਤ ਵੀ ਸ਼ਾਮਲ ਹੈ। ਦੋਸ਼ੀਆਂ ਤੋਂ 10.7 ਲੱਖ ਰੁਪਏ ਦੀ ਜਾਅਲੀ ਕਰੰਸੀ ਬਰਾਮਦ ਹੋਈ ਹੈ।

ਸਬ ਇੰਸਪੈਕਟਰ ਰੌਣੀ ਸਿੰਘ ਨੇ ਦੱਸਿਆ ਕਿ ਪਿੰਡ ਚੌਰਾਂ ਦੇ ਨੇੜਿਉਂ ਹਰਪਾਲ ਕੌਰ ਅਤੇ ਅਮਨਦੀਪ ਸਿੰਘ ਨੂੰ ਦੋ ਲੱਖ ਦੀ ਜਾਅਲੀ ਕਰੰਸੀ ਸਮੇਤ ਗ੍ਰਿਫਤਾਰ ਕੀਤਾ ਗਿਆ ਹੈ। ਦੋਸ਼ੀ ਪੰਜਾਹ ਹਜ਼ਾਰ ਰੁਪਏ ਦੀ ਅਸਲੀ ਕਰੰਸੀ ਬਦਲੇ ਦੋ ਲੱਖ ਰੁਪਏ ਦੀ ਜਾਅਲੀ ਕਰੰਸੀ ਦਿੰਦੇ ਸਨ। ਇਸ ਗੈਂਗ ਨੇ ਹੀਰਾ ਬਾਗ ਇਲਾਕੇ ਵਿੱਚ ਕਿਰਾਏ ਉੱਤੇ ਇੱਕ ਮਕਾਨ ਲਿਆ ਹੋਇਆ ਸੀ, ਜਿੱਥੇ ਇਹ ਜਾਅਲੀ ਨੋਟ ਛਾਪ ਕੇ ਅੱਗੇ ਭੋਲੇ-ਭਾਲੇ ਲੋਕਾਂ ਵਿੱਚ ਚਲਾਉਂਦੇ ਤੇ ਜਾਅਲੀ ਕਰੰਸੀ ਤਸਕਰਾਂ ਨੂੰ ਵੇਚਦੇ ਵੀ ਸਨ। ਬੀਤੀ 12 ਅਗਸਤ ਨੂੰ ਗੁਰਦੀਪ ਸਿੰਘ ਨੂੰ ਗ੍ਰਿਫਤਾਰ ਕਰ ਕੇ 47 ਹਜ਼ਾਰ ਰੁਪਏ ਦੇ ਜਾਅਲੀ ਨੋਟ, 13 ਅਗਸਤ ਨੂੰ ਹਰਪਾਲ ਕੌਰ ਨੂੰ ਗ੍ਰਿਫਤਾਰ ਕਰ ਕੇ ਦੋ ਲੈਪਟਾਪ, ਪ੍ਰਿੰਟਰ, ਪੇਪਰ ਕਟਰ, ਲੈਮੀਨੇਸ਼ਨ ਮਸ਼ੀਨ ਤੇ ਹੋਰ ਸਾਮਾਨ ਦੇ ਨਾਲ ਤੀਰਥ ਸਿੰਘ, ਕਿਰਾਏਦਾਰ ਸੇਵਕ ਸਿੰਘ ਨੂੰ 14 ਅਗਸਤ ਨੂੰ ਗ੍ਰਿਫਤਾਰ ਕੀਤਾ ਅਤੇ ਉਨ੍ਹਾਂ ਦੇ ਕਬਜ਼ੇ ਵਿੱਚੋਂ ਚਾਰ ਲੱਖ ਪੰਜਾਹ ਹਜ਼ਾਰ ਜਾਅਲੀ ਕਰੰਸੀ ਦੇ ਨੋਟ ਬਰਾਮਦ ਕੀਤੇ ਗਏ। ਗਿਰੋਹ ਦਾ ਮਾਸਟਰਮਾਈਂਡ ਗੁਰਦੀਪ ਸਿੰਘ ਪੁਲਸ ਦੀ ਗ੍ਰਿਫਤ ਵਿੱਚੋਂ ਬਾਹਰ ਹੈ। 15 ਅਗਸਤ ਨੂੰ ਤੀਰਥ ਸਿੰਘ ਤੋਂ ਪੁੱਛਗਿੱਛ ਦੇ ਆਧਾਰ ਉੱਤੇ ਗੁਰਸਿਮਰਨ ਸਿੰਘ ਅਤੇ ਬਮ ਬਾਬਾ ਧਿਆਨ ਪਟਿਆਲਾ ਨੂੰ ਗ੍ਰਿਫਤਾਰ ਕੀਤਾ ਗਿਆ ਸੀ,ਅੱਜ ਤਕ 10 ਲੱਖ ਸੱਤ ਹਜ਼ਾਰ ਦੀ ਭਾਰਤੀ ਕਰੰਸੀ ਬਰਾਮਦ ਕੀਤੀ ਗਈ ਅਤੇ ਅਜੇ ਇਸ ਦੀ ਜਾਂਚ ਚੱਲ ਰਹੀ ਹੈ।

## 6ਵੇਂ ਪੇਅ ਕਮਿਸ਼ਨ ਦੀ ਰਿਪੋਰਟ ਅਤੇ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਨੂੰ ਅਣਦੇਖਾ ਕਰਨ ਦੇ ਰੋਸ ਵਜੋਂ ਜ਼ਿਲਾ ਪੱਧਰੀ ਰੈਲੀ ਦੀ ਰੂਪ ਰੇਖਾ ਕੀਤੀ ਤਿਆਰ

ਪਠਾਨਕੋਟ 17 ਅਗਸਤ (ਰਾਜਿੰਦਰ ਸਿੰਘ ਰਾਜਨ) ਅੱਜ ਗੁਰਨਾਮ ਸਿੰਘ ਸੈਣੀ, ਕੋਆਰਡੀਨੇਟਰ, ਸ੍ਰੀ ਨਰੇਸ਼ ਕੁਮਾਰ, ਪ੍ਰਧਾਨ ਪੈਨਸ਼ਨਰਜ਼ ਐਸੋਸੀਏਸ਼ਨ ਦੀ ਅਗਵਾਹੀ ਹੇਠ ਦਫ਼ਤਰ ਲੋਕ ਨਿਰਮਾਣ ਵਿਭਾਗ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਪਠਾਨਕੋਟ ਮੀਟਿੰਗ ਕੀਤੀ ਗਈ . ਜਿਸ ਵਿੱਚ ਵੱਖ-ਵੱਖ ਵਿਭਾਗਾਂ ਦੇ ਨੁਮ-ਾਇੰਦੇ ਹਾਜ਼ਰ ਹੋਏ। ਮੀਟਿੰਗ ਵਿੱਚ ਪੰਜਾਬ ਸਰਕਾਰ ਦੀਆਂ ਮੁਲਾਜ਼ਮ ਮਾਰੂ ਨੀਤੀਆਂ ਖਿਲਾਫ ਸਾਂਝਾ ਮੁਲਾਜ਼ਮ ਮੰਚ ਪੰਜਾਬ/ਯੂ.ਟੀ. ਅਤੇ ਪੈਨਸ਼ਨਰਜ਼, ਜ਼ਿਲ੍ਹਾ ਯੂਨਿਟ ਪਠਾਨਕੋਟ ਵਲੋਂ ਮਿਤੀ 19 ਅਗਸਤ ਦਿਨ ਵੀਰਵਾਰ ਨੂੰ ਜ਼ਿਲ੍ਹਾ ਪੱਧਰ ਤੇ ਕੀਤੀ ਜਾਣ ਵਾਲੀ ਰੋਸ ਰੈਲੀ ਦੀ ਰਣਨੀਤੀ ਤਿਆਰ ਕੀਤੀ ਗਈ। ਜਿਸ ਤਹਿਤ ਸਰਬ ਸੰਮਤੀ ਨਾਲ ਇਹ ਫ਼ੈਸਲਾ ਲਿਆ ਗਿਆ ਕਿ ਜ਼ਿਲ੍ਹਾ ਪਠਾਨਕੋਟ ਦੇ ਸਮੂਹ ਵਿਭਾਗਾਂ ਦੇ ਕੱਚੇ/ਪੱਕੇ ਮੁਲਾਜ਼ਮ, ਪੈਨਸ਼ਨਰਜ਼ ਅਤੇ ਸਾਰੀਆਂ ਕੈਟਾਗਰੀਆਂ ਦੇ ਸਾਥੀ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ, ਪਠਾਨਕੋਟ ਤੋਂ ਇੱਕ ਵਿਸ਼ਾਲ ਸਕੂਟਰ/ਮੋਟਰਸਾਈਕਲ ਰੈਲੀ ਪਠਾਨਕੋਟ ਸ਼ਹਿਰ ਦੇ ਵੱਖੋ-ਵੱਖ ਚੌਂਕਾਂ ਤੋਂ ਸਰਕਾਰ ਦੀ ਪੋਲ ਖੋਲ੍ਹਦੀ ਹੋਈ, ਨਾਹਰੇਬਾਜ਼ੀ ਕਰਦੀ ਹੋਈ ਸ਼ਮਿਲਾ ਪਹਾੜੀ ਵਿਖੇ ਪਹੁੰਚਗੀ. ਜਿੱਥੇ ਵੱਖੋ-ਵੱਖ ਬੁਲਾਰਿਆਂ ਵਲੋਂ ਰੈਲੀ ਨੂੰ ਸੰਬੋਧਿਤ ਕੀਤਾ ਜਾਵੇ ਅਤੇ ਇਸ ਤੋਂ ਬਾਅਦ ਐਮ.ਐਲ.ਏ. ਪਠਾਨਕੋਟ ਨੂੰ ਮੰਗ ਪੱਤਰ ਸੌਂਪਿਆ ਜਾਵੇਗਾ।

ਇਸ ਮੌਕੇ ਤੇ ਗੁਰਨਾਮ ਸਿੰਘ ਸੈਣੀ, ਨਰੇਸ਼ ਕੁਮਾਰ, ਗੁਰਦੀਪ ਕੁਮਾਰ ਸਫਰੀ, ਰਜਿੰਦਰ ਧੀਮਾਨ, ਡਾ: ਪ੍ਰਿਅੰਕਾ ਠਾਕੁਰ, ਨਰਵੇਸ਼ ਡੋਗਰਾ, ਰਮਨ ਕੁਮਾਰ ਆਦਿ ਹਾਜ਼ਰ ਸਨ।

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)



BOBBY SIDHU
partner
(Serving the Community for Over 16 yrs.)

ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?

ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ

ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।

ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।

If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust

You only pay upon settlement

GURSHARAN BOBBY SIDHU
647.539.3020

1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto

email: bsidhu@steinmetzlawyers.ca website: www.steinmetzlawyers.ca

ਲੇਡੀ ਵਰਕਰ ਦੀ ਲੋੜ

Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।

ਹੈਂਡੀਮੈਨ ਦੀ ਲੋੜ

ਪਲੰਬਿੰਗ, ਇਲੈਕ੍ਰੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।

ਸੰਪਰਕ: 416-816-1695

ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ

ਨੈਨੀ ਦੀ ਲੋੜ

ਬਰੈਂਪਟਨ ਵਿਚ ਘਰ ਦਾ ਕੰਮ ਕਰਨ ਲਈ ਨੈਨੀ ਦੀ ਲੋੜ ਹੈ।

ਸੰਪਰਕ ਕਰੋ:
416556 6884

ਵਰਕਰਾਂ ਦੀ ਲੋੜ

ਰੈਨੋਵੇਸ਼ਨ ਦੇ ਕੰਮ ਲਈ ਵਰਕਰਾਂ ਦੀ ਲੋੜ ਹੈ। 6 ਦਿਨ ਕੰਮ ਹੋਵੇਗਾ। ਚੰਗੀ ਤਨਖਾਹ ਦਿੱਤੀ ਜਾਵੇਗੀ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

ਸੰਪਰਕ: 647-205-5909, 416-618-3358

A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

- ਮੁਫਤ ਪਿਕਅਪ ਅਤੇ ਡਰਾਪ ਆਫ਼
- ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
- ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
- ਵਾਜਿਬ ਕੀਮਤ



ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ

# ਸੁਪਰੀਮ ਕੋਰਟ ਨੇ ਕਿਹਾ, ਬਹਿਸ ਕੀਤੇ ਬਿਨਾਂ ਟ੍ਰਿਬਿਊਨਲ ਬਿੱਲ ਪਾਸ ਕਰਨਾ ਗੰਭੀਰ ਮਸਲਾ

### * ਕਾਂਗਰਸ ਆਗੂ ਜੈਰਾਮ ਰਮੇਸ਼ ਵੱਲੋਂ ਟ੍ਰਿਬਿਊਨਲ ਸੁਧਾਰ ਕਾਨੂੰਨ ਖਿਲਾਫ ਪਟੀਸ਼ਨ

ਨਵੀਂ ਦਿੱਲੀ, 17 ਅਗਸਤ (ਪੋਸਟ ਬਿਊਰੋ)- ਭਾਰਤ ਦੀ ਸੁਪਰੀਮ ਕੋਰਟ ਨੇ ਪਾਰਲੀਮੈਂਟ ਵਿੱਚ ਕਿਸੇ ਬਹਿਸ ਦੇ ਬਿਨਾਂ ਪਹਿਲਾਂ ਰੱਦ ਕੀਤੀਆਂ ਹੋਈਆਂ ਮੱਦਾਂ ਨਾਲ ਟ੍ਰਿਬਿਊਨਲ ਬਿੱਲ ਪਾਸ ਕਰਨ ਨੂੰ ਗੰਭੀਰ ਮੁੱਦਾ ਮੰਨਿਆ ਹੈ। ਅਦਾਲਤ ਨੇ ਕੇਂਦਰ ਸਰਕਾਰ ਨੂੰ ਅਧਿਕਾਰੀਆਂ, ਜੱਜਾਂ ਤੇ ਤਕਨੀਕੀ ਮੈਂਬਰਾਂ ਦੀ ਗੰਭੀਰ ਕਮੀਂ ਝੱਲ ਰਹਸੈਮੀ-ਜੁਡੀਸ਼ਲ ਪੈਨਲਾਂਵਿੱਚ ਨਿਯੁਕਤੀਆਂ ਕਰਨ ਦੇ ਲਈ 10 ਦਿਨ ਦਾ ਸਮਾਂ ਦਿੱਤਾ ਹੈ।

ਕਾਂਗਰਸ ਆਗੂ ਅਤੇ ਪਾਰਲੀਮੈਂਟ ਮੈਂਬਰ ਜੈਰਾਮ ਰਮੇਸ਼ ਨੇ ਟ੍ਰਿਬਿਊਨਲ ਸੁਧਾਰ ਕਾਨੂੰਨ 2021 ਦੀਆਂ ਵੱਖ-ਵੱਖ ਤਜਵੀਜ਼ਾਂ ਦੀ ਸੰਵਿਧਾਨਕ ਯੋਗਤਾ ਦੇ ਖਿਲਾਫ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਹੈ।ਚੀਫ ਜਸਟਿਸ ਐਨ ਵੀ ਰਾਮੰਨਾ, ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਅਨਿਰੁੱਧ ਬੋਸ ਦੇ ਬੈਂਚ ਨੇ ਟ੍ਰਿਬਿਊਨਲ ਸੋਧ ਬਿੱਲ 2021 ਨੂੰ ਬਿਨਾਂ ਬਹਿਸ ਪਾਸ ਕਰਨ ਅਤੇ ਬਿਨਾਂ



ਕੋਈ ਕਾਰਨ ਦੱਸੇ ਸੁਪਰੀਮ ਕੋਰਟ ਦੇ ਹੁਕਮ ਨੂੰ ਪਲਟਣ ਦਾ ਗੰਭੀਰ ਨੋਟਿਸ ਲਿਆ ਹੈ। ਇਹ ਕਾਨੂੰਨ ਵੱਖ-ਵੱਖ ਟ੍ਰਿਬਿਊਨਲਾਂ ਦੇ ਮੈਂਬਰਾਂ ਦੀਆਂ ਸੇਵਾਵਾਂ ਦੀਆਂ ਸ਼ਰਤਾਂ ਅਤੇ ਮਿਆਦ ਨਾਲ ਸਬੰਧਤ ਹੈ ਅਤੇ ਨਵੇਂ ਕਾਨੂੰਨ ਵਿੱਚ ਉਹ ਸਾਰੀਆਂ ਮੱਦਾਂ ਸ਼ਾਮਲ ਕੀਤੀਆਂ ਗਈਆਂ ਹਨ, ਜਿਨ੍ਹਾਂ ਨੂੰ ਇਸ ਤੋਂ ਪਹਿਲਾਂ ਜਸਟਿਸ ਐਲ ਐਨ ਰਾਓ ਦੀ ਅਗਵਾਈ ਵਾਲੇ ਬੈਂਚ ਨੇ ਰੱਦ ਕਰ ਦਿੱਤਾ ਸੀ। ਸੁਪਰੀਮ ਕੋਰਟ ਦੇ ਬੈਂਚ ਨੇ ਕਿਹਾ, ‘‘ਦੋ ਦਿਨ ਪਹਿਲਾਂ ਅਸੀਂ ਦੇਖਿਆ ਕਿ ਜੋ ਇਸ ਅਦਾਲਤ ਨੇ ਰੱਦ ਕੀਤਾ ਸੀ, ਉਸ ਨੂੰ ਮੁੜ ਸ਼ਾਮਲ ਕਰ ਦਿੱਤਾ ਹੈ। ਮੈਨੂੰ ਨਹੀਂ ਲੱਗਦਾ ਕਿ ਪਾਰਲੀਮੈਂਟ ਵਿੱਚ ਇਸ ਉੱਤੇ ਕੋਈ ਬਹਿਸ ਹੋਈ ਹੋਵੇ। ਕੋਈ ਕਾਰਨ ਵੀ ਨਹੀਂ ਦੱਸਿਆ। ਸਾਨੂੰ ਪਾਰਲੀਮੈਂਟ ਵੱਲੋਂ ਕਾਨੂੰਨ ਬਣਾਏ ਜਾਣ ਤੋਂ ਕੋਈ ਇਤਰਾਜ਼ ਨਹੀਂ, ਕਾਨੂੰਨ ਬਣਾਉਣਾ ਪਾਰਲੀਮੈਂਟ ਦਾ ਹੱਕ ਹੈ, ਪਰ ਅਸੀਂ ਘੱਟੋ-ਘੱਟ ਇਹ ਜਾਨਣਾ ਚਾਹੁੰਦੇ ਹਾਂ ਕਿ ਸਰਕਾਰ ਨੇ ਪੇਸ਼ ਕੀਤੇ ਬਿੱਲ ਵਿੱਚ ਉਹ ਸਾਰੀਆਂ ਮੱਦਾਂ ਸ਼ਾਮਲ ਕਿਉਂ ਕੀਤੀਆਂ ਹਨ, ਜੋ ਆਰਡੀਨੈਂਸ ਤੋਂ ਰੱਦ ਕੀਤੀਆਂ ਗਈਆਂ ਸਨ।’ ਅਦਾਲਤ ਨੇ ਕੇਸ ਦੀ ਸੁਣਵਾਈ 31 ਅਗਸਤ ਨੂੰ ਪਾ ਦਿੱਤੀ ਹੈ।

# ਵਿਨੇਸ਼ ਫੋਗਾਟ ਵੱਲੋਂ ਭਾਰਤੀਆਂ ਨਾਲ ਟਰੇਨਿੰਗ ਨਾ ਕਰਨ ਦੇ ਦੋਸ਼ ਰੱਦ

ਨਵੀਂ ਦਿੱਲੀ, 17 ਅਗਸਤ (ਪੋਸਟ ਬਿਊਰੋ)- ਵਿਨੇਸ਼ ਫੋਗਾਟ ਨੇ ਭਾਰਤੀ ਰੈਸਲਿੰਗ ਫੈਡਰੇਸ਼ਨ ਵੱਲੋਂ ਉਸ ਉੱਤੇ ਲਾਏ ਤਿੰਨ ਦੋਸ਼ਾਂ ਵਿੱਚੋਂ ਦੋ ਦਾ ਖੰਡਨ ਕੀਤਾ ਅਤੇ ਇੱਕ ਦੇ ਲਈ ਮੁਆਫੀ ਮੰਗੀ ਹੈ।

ਭਾਰਤੀ ਰੈਸਲਿੰਗ ਫੈਡਰੇਸ਼ਨ ਨੇ ਵਿਨੇਸ਼ ਫੋਗਾਟ ਨੂੰ ਟੋਕੀਓ ਓਲੰਪਿਕ ਦੇ ਦੌਰਾਨ ਅਨੁਸ਼ਾਸ਼ਹੀਣਤਾ ਕਰਨ ਦੀ ਵਜ੍ਹਾ ਕਾਰਨ ਸਸਪੈਂਡ ਕਰ ਦਿੱਤਾ ਅਤੇ ਨੋਟਿਸ ਭੇਜਿਆ ਸੀ। ਵਿਨੇਸ਼ ਉੱਤੇ ਦੋਸ਼ ਸੀ ਕਿ ਉਸ ਨੇ ਓਲੰਪਿਕ ਖੇਡਾਂ ਦੌਰਾਨ ਭਾਰਤੀ ਟੀਮ ਨਾਲ ਰਹਿਣ ਅਤੇ ਟਰੇਨਿੰਗ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਸਾਥੀ ਖਿਡਾਰੀਆਂ ਨਾਲ ਬੁਰਾ ਵਤੀਰਾ ਕੀਤਾ ਸੀ। ਵਿਨੇਸ਼ ਨੇ ਇਨ੍ਹਾਂ

***ਗਲਤ ਜਰਸੀ ਪਹਿਨਣ ਦੀ ਮੁਆਫੀ ਮੰਗ ਲਈ**



ਦੋਸ਼ਾਂ ਨੂੰ ਸਿਰੇ ਤੋਂ ਰੱਦ ਕਰ ਦਿੱਤਾ ਹੈ। ਉਸ ਨੇ ਕਿਹਾ, ‘ਮੈਂ ਓਲੰਪਿਕ ਦੌਰਾਨ ਕੋਰੋਨਾ ਪ੍ਰੋਟੋਕੋਲ ਕਰ ਕੇ ਦੂਸਰੇ ਖਿਡਾਰੀਆਂ ਤੋਂ ਵੱਖ ਰਹੀ ਸੀ। ਮੈਂ ਕੋਰੋਨਾ ਇਨਫੈਕਸ਼ਨ ਦੇ ਖਤਰੇ ਨੂੰ ਦੇਖਦੇ ਹੋਏ ਅਲੱਗ ਮੈਟ ਉੱਤੇ ਅਭਿਆਸ ਕੀਤਾ ਸੀ, ਪਰ ਕਵਾਰੰਟਾਈਨ ਪੂਰਾ ਹੋਣ ਦੇ ਬਾਅਦ ਤਿੰਨ-ਚਾਰ ਅਗਸਤ ਨੂੰ ਸੀਮਾ ਬਿਸਲਾ ਨਾਲ ਟਰੇਨਿੰਗ ਕੀਤੀ ਸੀ। ਆਪਣੀ ਟੀਮ ਦੇ ਸਾਥੀਆਂ ਦੇ ਨਾਲ ਹੀ ਲੰਚ-ਡਿਨਰ ਕਰਦੀ ਸੀ।’ ਵਿਨੇਸ਼ ਫੋਗਾਟ ਨੇ ਆਪਣੀ ਤੇ ਦੂਸਰੇ ਪਹਿਲਵਾਨਾਂ ਦੀ ਸੁਰੱਖਿਆ ਲਈ ਸਾਵਧਾਨੀ ਵਰਤਦੇ ਹੋਏ ਅਲੱਗ ਰਹਿਣ ਦਾ ਫੈਸਲਾ ਕੀਤਾ। ਉਨ੍ਹਾਂ ਨੇ ਸਪਾਂਸਰ ਦੀ ਜਰਸੀ ਨਾ ਪਹਿਨਣ ਦੇ ਦੋਸ਼ ਨੂੰ ਮੰਨਿਆ ਅਤੇ ਫੈਡਰੇਸ਼ਨ ਤੋਂ ਮੁਆਫੀ ਮੰਗੀ। ਉਨ੍ਹਾਂ ਨੇ ਕਿਹਾ, ‘‘ਇਹ ਮੈਂ ਜਾਣਬੁੱਝ ਕੇ ਨਹੀਂ ਸੀ ਕੀਤਾ। ਮੈਂ ਟਰੇਨਿੰਗ ਦੌਰਾਨ ਜੋ ਭਾਰਤੀ ਜਰਸੀ ਪਹਿਨੀ ਸੀ, ਉਹ ਮੁਕਬਾਲੇ ਵਾਲੇ ਦਿਨ ਧੋ ਨਹੀਂ ਸਕੀ ਸੀ।''

# ਅਫਗਾਨਿਸਤਾਨ ਵਿੱਚ ਭਾਰਤੀ ਕਾਰੋਬਾਰੀਆਂ ਦੇ ਬਕਾਏ ਫਸਣ ਦਾ ਡਰ

ਨਵੀਂ ਦਿੱਲੀ, 17 ਅਗਸਤ (ਪੋਸਟ ਬਿਊਰੋ)- ਅਫਗਾਨਿਸਤਾਨ ਵਿੱਚ ਤਾਲਿਬਾਨ ਦੇ ਕਬਜ਼ੇ ਦੇ ਬਾਅਦ ਉਥੇ ਹੋਣ ਵਾਲੀ ਭਾਰਤੀ ਐਕਸਪੋਰਟ ਪ੍ਰਭਾਵਤ ਹੋਣ ਦਾ ਡਰ ਵੱਧ ਗਿਆ ਹੈ।

ਵਰਨਣ ਯੋਗ ਹੈ ਕਿ ਭਾਰਤ ਮੁੱਖ ਤੌਰ ਉੱਤੇਅਫਗਾਨਿਸਤਾਨ ਦੇ ਲਈਟੈਕਸਟਾਈਲ, ਚੀਨੀਅਤੇ ਦਵਾਈਆਂ ਐਕਸਪੋਰਟ ਕਰਦਾ ਹੈ। ਦੂਸਰੇ ਪਾਸੇ ਅਫਗਾਨਿਸਤਾਨ ਭਾਰਤ ਨੂੰ ਕਈ ਤਰ੍ਹਾਂ ਦੇ ਸੁੱਕੇ ਮੇਵੇ ਅਤੇ ਪਿਆਜ਼ ਐਕਸਪੋਰਟ ਕਰਦਾ ਹੈ। ਭਾਰਤ-ਅਫਗਾਨਿਸਤਾਨ ਦਾ ਦੁਵੱਲਾ ਕਾਰੋਬਾਰ ਕਰੀਬ 1.55 ਅਰਬ ਡਾਲਰ ਯਾਨੀ 11,000 ਕਰੋੜ ਰੁਪਏ ਕੀਮਤ ਤੋਂ ਵੱਧ ਦਾ ਹੈ। ਭਾਰਤ ਅਫਗਾਨਿਸਤਾਨ ਨੂੰ ਸਾਲਾਨਾ ਲਗਭਗ 95 ਕਰੋੜ ਡਾਲਰ ਦਾ ਐਕਸਪੋਰਟ ਕਰਦਾ ਹੈ, ਅਫਗਾਨਿਸਤਾਨ ਵੱਲੋਂ ਲਗਭਗ ਸੱਠ



ਕਰੋੜ ਡਾਲਰ ਦਾ ਐਕਸਪੋਰਟ ਕੀਤਾ ਜਾਂਦਾ ਹੈ।

ਫੈਡਰੇਸ਼ਨ ਆਫ ਇੰਡੀਆ ਐਕਸਪੋਰਟ ਆਰਗੇਨਾਈਜ਼ੇਸ਼ਨ (ਫਿਓ) ਦੇ ਸੀ ਈ ਓ ਤੇ ਡਾਇਰੈਕਟਰ ਜਰਨਲ ਅਜੈ ਸਹਾਇ ਨੇ ਦੱਸਿਆ ਕਿ ਅਫਗਾਨਿਸਤਾਨ ਦੀ ਮੌਜੂਦਾ ਸਥਿਤੀ ਵਿੱਚ ਐਕਸਪੋਰਟਰਾਂ ਖਾਸ ਕਰ ਕੇ ਭੁਗਤਾਨ ਦੇ ਕੰਮ ਵਿੱਚ ਸਾਵਧਾਨੀ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਅਫਗਾਨਿਸਤਾਨ ਦੀ ਮੌਜੂਦਾ ਸਿਆਸੀ ਅਸਥਰਿਤਾ ਨਾਲ ਦੋਵਾਂ ਦੇਸ਼ਾਂ ਵਿਚਾਲੇ ਕਾਰੋਬਾਰ ਵਿੱਚ ਕਮੀ ਆਏਗੀ। ਪਿਛਲੇ ਕੁਝ ਮਹੀਨਿਆਂ ਵਿੱਚ ਭਾਰਤੀ ਐਕਸਪੋਰਟਰਾਂ ਨੇ ਅਫਗਾਨਿਸਤਾਨ ਵਿੱਚ 6.23 ਲੱਖ ਟਨ ਖੰਡ ਬਰਾਮਦ ਕੀਤੀ ਹੈ। ਕਈ ਵਾਰ ਬਰਾਮਦ ਦੇ ਇੱਕ-ਦੋ ਮਹੀਨੇ ਬਾਅਦ ਭੁਗਤਾਨ ਕੀਤੇ ਜਾਂਦੇ ਹਨ। ਇਸ ਦੇ ਸੰਬੰਧ ਵਿੱਚ ਐਕਸਪੋਰਟਰਾਂ ਨੇ ਦੱਸਿਆ ਕਿ ਭਾਰਤ ਦੀ ਕੁੱਲ ਬਰਾਮਦ ਵਿੱਚ ਅਫਗਾਨਿਸਤਾਨ ਦਾ ਹਿੱਸਾ ਨਾ ਦੇ ਬਰਾਬਰ ਹੈ, ਪਰ ਪਿਛਲੇ ਦੋ ਸਾਲਾਂ ਤੋਂ ਅਫਗਾਨਿਸਤਾਨ ਨਾਲ ਜੋ ਕਾਰੋਬਾਰੀ ਮਾਹੌਲ ਬਣਿਆ ਹੈ, ਉਸ ਉੱਤੇ ਸੰਕਟ ਆ ਗਿਆ ਹੈ। ਸਾਲ 2015-16 ਤੋਂ ਲੈ ਕੇ 2019-20 ਦੌਰਾਨ ਦੋਵਾਂ ਦੇਸ਼ਾਂ ਦੇ ਕਾਰੋਬਾਰ ਵਿੱਚ 89 ਫੀਸਦੀ ਵਾਧਾ ਦਰਜ ਹੋਇਆ ਹੈ ਅਤੇ ਸਾਲ 2011 ਵਿੱਚ ਭਾਰਤ ਨੇ ਦੱਖਣੀ ਏਸ਼ੀਆਈ ਖੇਤਰੀ ਸਹਿਯੋਗ ਸੰਗਠਨ (ਸਾਰਕ) ਦੇ ਸਾਰੇ ਵਿਕਸਿਤ ਦੇਸ਼ਾਂ (ਐਲ ਡੀ ਸੀ) ਦੇ ਲਈ ਕਸਟਮ ਡਿਊਟੀ ਪੂਰੀ ਤਰ੍ਹਾਂ ਨਾਲ ਖਤਮ ਕਰ ਦਿੱਤੀ ਸੀ।

## ਮੂਲ ਅਧਿਕਾਰਾਂ ਤੇ ਸੰਵਿਧਾਨ ਨੂੰ ਦਰੜਿਆ ਜਾਵੇ ਤਾਂ ਚੁੱਪ ਰਹਿਣਾ ਪਾਪ ਹੁੰਦੈ: ਸੋਨੀਆ ਗਾਂਧੀ

ਨਵੀਂ ਦਿੱਲੀ, 17 ਅਗਸਤ (ਪੋਸਟ ਬਿਊਰੋ)- ਕਾਂਗਰਸ ਪ੍ਰਧਾਨ ਸੋਨੀਆ ਗਾਂਧੀ ਨੇ ਭਾਰਤ ਦੀ ਆਜ਼ਾਦੀ ਦਾ 75ਵਾਂ ਸਾਲ ਸ਼ੁਰੂ ਹੋਣ ਮੌਕੇ ਕੱਲ੍ਹ ਲੋਕਾਂ ਨੂੰ ਇਹ ਆਤਮਚਿੰਤਨ ਕਰਨ ਦੀ ਅਪੀਲ ਕੀਤੀ ਕਿ ਆਜ਼ਾਦੀ ਦੇ ਕੀ ਅਰਥ ਹਨ ਅਤੇ ਨਾਲ ਉਨ੍ਹਾਂ ਨੇ ਕਿਹਾ ਕਿ ਜਦੋਂ ਮੂਲ ਅਧਿਕਾਰਾਂ ਅਤੇ ਸੰਵਿਧਾਨ ਨੂੰ ਦਰੜਿਆ ਜਾ ਰਿਹਾ ਹੋਵੇ ਤਾਂ ਚੁੱਪ ਰਹਿਣਾ ਪਾਪ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਲੋਕਤੰਤਰ ਨੂੰ ਫਿਰ ਸਹੀ ਸਥਿਤੀ ਵਿੱਚ ਲਿਆਉਣ ਦੀ ਲੋੜ ਹੈ।

ਕਾਂਗਰਸ ਪਾਰਟੀ ਦੇ ਮੁੱਖ ਬੁਲ-ਾਰੇ ਰਣਦੀਪ ਸੁਰਜੇਵਾਲਾ ਨੇ ਇੱਕ ਅੰਗ੍ਰੇਜ਼ੀ ਅਖ਼ਬਾਰ ਵਿੱਚ ਛਪੇ ਸੋਨੀਆ ਗਾਂਧੀ ਦੇ ਲੇਖ ਦਾ ਜ਼ਿਕਰ ਕਰਦੇ ਹੋਏ ਕਿਹਾ, ‘ਜਦੋਂ ਸਾਡੇ ਸੰਵਿਧਾਨ ਨਿਰਮਾਤਾਵਾਂ ਵੱਲੋਂ ਗਰੰਟੀ ਦੇ ਤੌਰ ਉੱਤੇ ਦਿੱਤੇ ਲੋਕਾਂ ਦੇ ਮੂਲ ਅਧਿਕਾਰਾਂ ਨੂੰ ਦਰੜਿਆ ਜਾ ਰਿਹਾ ਹੈ ਤਾਂ ਚੁੱਪ ਰਹਿਣਾ ਪਾਪ ਹੈ।’ ਉਨ੍ਹਾਂ ਕਿਹਾ ਕਿ



ਇਸ ਲੇਖ ਵਿੱਚ ਕਾਂਗਰਸ ਦੀ ਪ੍ਰਧਾਨ ਸੋਨੀਆ ਗਾਂਦੀ ਨੇ ਇਸ ਬਾਰੇ ਗੱਲ ਕੀਤੀ ਹੈ ਕਿ ਲੋਕਾਂ ਲਈ ਆਜ਼ਾਦੀ ਦੇ ਕੀ ਅਰਥ ਹਨ।ਇਸ ਵਿੱਚ ਸੋਨੀਆ ਨੇ ਕਿਹਾ ਕਿ ਜਦੋਂ ਸਰਕਾਰ ਪਾਰਲੀਮੈਂਟ ਉੱਤੇ ਹਮਲੇ ਕਰਦੀ ਤੇ ਰਿਵਾਇਤਾਂ ਨੂੰ ਕੁਚਲਦੀ ਹੈ, ਲੋਕਤੰਤਰ ਨੂੰ ਗ਼ੁਲਾਮ ਬਣਾ ਦੇਂਦੀ ਹੈ ਤੇ ਸੰਵਿਧਾਨ ਦਾ ਨਿਰਾਦਰ ਕਰਨ ਦਾ ਯਤਨ ਕਰਦੀ ਹੈ ਤਾਂ ਦੇਸ਼ ਦੇ ਲੋਕਾਂ ਨੂੰ ਇਸ ਬਾਰੇ ਵਿਚਾਰ ਕਰਨ ਦੀ ਲੋੜ ਹੈ।

## ਮਾਰਸ਼ਲਾਂ ਦੀਤਾਕਤ ਵਰਤ ਕੇਪਾਰਲੀਮੈਂਟ ਮੈਂਬਰਾਂ ’ਤੇ ਲੁਕਵਾਂ ਹਮਲਾ ਕੀਤਾ ਗਿਐ: ਸ਼ਰਦ ਪਵਾਰ

ਮੁੰਬਈ, 17 ਅਗਸਤ (ਪੋਸਟ ਬਿਊਰੋ)- ਰਾਸ਼ਟਰਵਾਦੀ ਕਾਂਗਰਸ ਪਾਰਟੀ (ਐੱਨ ਸੀ ਪੀ) ਦੇ ਪ੍ਰਧਾਨ ਸ਼ਰਦ ਪਵਾਰ ਦਾ ਦਾਅਵਾ ਹੈ ਕਿ ਪਿਛਲੇ ਹਫ਼ਤੇ ਰਾਜਸਭਾ ਵਿੱਚ ਰੌਲੇ ਦੌਰਾਨ ਮਾਰਸ਼ਲਾਂ ਵੱਲੋਂ ਕੀਤੀ ਤਾਕਤ ਦੀ ਵਰਤੋਂ ਪਾਰਲੀਮੈਂਟ ਮੈਂਬਰਾਂ ਉੱਤੇ ਕੀਤਾ ਗਿਆ ਲੁਕਵਾਂ ਹਮਲਾ ਸੀ। ਉਨ੍ਹਾਂ ਕਿਹਾ ਕਿ ਜੇ ਸੱਤ ਕੇਂਦਰੀ ਮੰਤਰੀਆਂ ਨੂੰ ਮੀਡੀਆ ਸਾਹਮਣੇ ਆ ਕੇ ਸਰਕਾਰ ਦਾ ਪੱਖ ਲੈਣਾ ਪੈ ਰਿਹਾ ਹੈ ਤਾਂ ਇਸ ਦਾ ਅਰਥ ਹੈ ਕਿ ਉਨ੍ਹਾਂ ਦੀ ਸਥਿਤੀ ਕਮਜ਼ੋਰ ਹੈ।

ਸ਼ਰਦ ਪਵਾਰ ਨੇ ਇੱਥੇ ਪੱਤਰਕਾਰਾਂਗੱਲ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਆਪਣੇ ਪਾਰਲੀਮੈਂਟਰੀ ਜੀਵਨ ਵਿੱਚ ਕਦੇ ਵੀ 40 ਮਾਰਸ਼ਲਾਂ ਨੂੰ ਸਦਨ ਵਿੱਚ ਦਾਖ਼ਲ ਹੁੰਦੇ ਨਹੀਂ ਦੇਖਿਆ। ਪਵਾਰ ਨੇ ਕਿਹਾ ਕਿ ਇਨ੍ਹਾਂਬਾਹਰਲੇ ਲੋਕਾਂ ਦੇ ਦਾਖ਼ਲ ਹੋਣ ਦੀ ਜਾਂਚ ਹੋਣੀ ਚਾਹੀਦੀ ਹੈ। ਉਨ੍ਹਾਂ ਇਹ ਸਪੱਸ਼ਟ ਕੀਤਾ ਕਿ ਪੇਗਾਸਸ ਦੇ ਮੁੱਦੇ ਉੱਤੇ ਬਣੀ ਪਾਰਲੀਮੈਂਟਰੀ ਕਮੇਟੀ ਵਿੱਚ ਅਭਿਸ਼ੇਕ ਮਨੂ ਸਿੰਘਵੀ, ਪੀ ਚਿੰਦਬਰਮ ਅਤੇ ਕਪਿਲ ਸਿੱਬਲ ਵਿੱਚੋਂ ਕਿਸੇ ਇੱਕ ਨੂੰ ਸ਼ਾਮਲ ਕਰਨਾ ਚਾਹੀਦਾ ਹੈ। ਉਨ੍ਹਾਂ ਕਿਹਾ, ‘40 ਮਾਰਸ਼ਲਾਂ ਨੂੰ ਬੁਲ-ਾਇਆ ਗਿਆ, ਜਿਨ੍ਹਾਂ ਨੇ ਪਾਰਲੀਮੈਂਟ ਮੈਂਬਰਾਂਨੂੰ ਧੱਕੇ ਮਾਰੇ। ਉਨ੍ਹਾਂ ਵਿੱਚ ਦੋ ਔਰਤ ਮੈਂਬਰ ਵੀ ਸ਼ਾਮਲ ਸਨ। ਬਹੁਤ ਸਾਰੇ ਲੋਕ ਉਨ੍ਹਾਂ ਦੀ ਮਦਦ ਕਰਨ ਲੱਗੇ। ਮਾਰਸ਼ਲਾਂ ਨੇ ਤਾਕਤ ਦੀ ਵਰਤੋਂ ਕੀਤੀ, ਜੋ ਪਾਰਲੀਮੈਂਟ ਮੈਂਬਰਾਂ ਉੱਤੇ ਲੁਕਵਾਂ ਹਮਲਾ ਸੀ।’ ਉਨ੍ਹਾਂ ਕਿਹਾ ਕਿ ਸੰਜੇ ਰਾਊਤ (ਰਾਜਸਭਾ ਵਿੱਚ ਸ਼ਿਵਸੈਨਾ ਦੇ ਮੈਂਬਰ) ਨੂੰ ਮਾਰਸ਼ਲਾਂ ਨੇ ਚੁੱਕ ਲਿਆ ਸੀ। ਕੱਲ੍ਹ 7 ਕੇਂਦਰੀ ਮੰਤਰੀਆਂ ਨੇ ਰਾਜਸਭਾ ਦੇ ਚੇਅਰਮੈਨ ਅਤੇ ਉਪ ਰਾਸ਼ਟਰਪਤੀ ਐਮ ਵੈਂਕਈਆ ਨਾਇਡੂ ਨੂੰ ਮਿਲ ਕੇ ਸਦਨ ਵਿੱਚ 11 ਅਗਸਤ ਨੂੰ ਹੋਈ ਖਿੱਚ-ਧੂਹ ਲਈ ਵਿਰੋਧੀ ਧਿਰ ਦੇ ਕੁਝ ਮੈਂਬਰਾਂ ਦੇ ਵਿਰੁੱਧ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਪਵਾਰ ਨੇ ਕਿਹਾ, ‘ਜੇ ਸੱਤ ਕੇਂਦਰੀ ਮੰਤਰੀਆਂ ਨੂੰ ਮੀਡੀਆ ਅੱਗੇ ਆ ਕੇ ਸਰਕਾਰ ਦਾ ਬਚਾਅ ਕਰਨਾ ਪਿਆ ਤਾਂ ਇਸ ਤੋਂ ਪਤਾ ਚਲਦਾ ਹੈ ਕਿ ਉਨ੍ਹਾਂ ਦੀ ਸਥਿਤੀ ਕਮਜ਼ੋਰ ਹੈ। ਸਰਕਾਰ ਵਿਰੋਧੀ ਮੈਂਬਰਾਂਦੇ ਵਿਰੁੱਧ ਕਾਰਵਾਈ ਕਰ ਸਕਦੀ ਹੈ, ਪਰ ਇਹ ਲੋਕਤੰਤਰ ਲਈ ਬੇਹੱਦ ਖ਼ਤਰਨਾਕ ਹੈ।’

## ‘ਇੰਡੀਅਨ ਆਈਡਲ 12’ ਪਵਨਦੀਪ ਰਾਜਨ ਨੇ ਜਿੱਤਿਆ

ਮੁੰਬਈ, 17 ਅਗਸਤ (ਪੋਸਟ ਬਿਊਰੋ)- ਗਾਇਕ ਪਵਨਦੀਪ ਰਾਜਨ ਨੇ ਰਿਐਲਿਟੀ ਸ਼ੋਅ ‘ਇੰਡੀਅਨ ਆਈਡਲ 12’ ਦਾ ਖਿਤਾਬ ਜਿੱਤ ਲਿਆ ਹੈ। ਉਸ ਦਾ ਕਹਿਣਾ ਹੈ ਕਿ ਇਸ ਜਿੱਤ ਨੇ ਉਸ ਨੂੰ ਹੋਰ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਹੈ। ਚੰਪਾਵਤ (ਉਤਰਾਖੰਡ) ਦੇ ਰਾਜਨ ਨੂੰ ਸੋਨੀ ਟੀ ਵੀ ਉੱਤੇ ਚੱਲੇ ਅੱਜ ਤਕ ਦੇ ਸਭ ਤੋਂ ਵੱਡੇ 12 ਘੰਟੇ ਤੱਕ ਲੰਮੇ ਫਿਨਾਲੇ ਪ੍ਰੋਗਰਾਮ ਤੋਂ ਬਾਅਦ ਐਤਵਾਰ ਦੇਰ ਸ਼ਾਮ ਸ਼ੋਅ ਦਾ ਜੇਤੂ ਐਲਾਨਿਆ ਗਿਆ।

ਇਸ ਬਾਰੇ ਪਵਨਦੀਪ ਰਾਜਨ ਨੇ ਕਿਹਾ ਕਿ ਉਸ ਨੂੰ ਵਿਸ਼ਵਾਸ ਨਹੀਂ ਹੋ ਰਿਹਾ ਕਿ ਉਸ ਨੇ ਅਨੂ ਮਲਿਕ, ਹਿਮੇਸ਼ ਰੇਸ਼ਮੀਆ ਅਤੇ ਸੋਨੂ ਕੱਕੜ ਵੱਲੋਂ ਜੱਜ ਕੀਤੇ ‘ਇੰਡੀਅਨ ਆਈਡਲ 12’ ਦਾ ਖਿਤਾਬ ਜਿੱਤ ਲਿਆ ਹੈ। ਉਸ ਨੇ ਕਿਹਾ, ‘ਮੈਂ ਬਹੁਤ ਖੁਸ਼ ਹਾਂ ਅਤੇ ਖੁਦ ਨੂੰ ਬਹੁਤ ਖੁਸ਼ਕਿਸਮਤ ਮਹਿਸੂਸ ਕਰ ਰਿਹਾ ਸੀ। ਆਡੀਸ਼ਨ ਵੇਲੇ ਮੈਂ ਬਹੁਤ ਘਬਰਾਇਆ ਹੋਇਆ ਸੀ। ਮੈਂ ਸੋਚਿਆ ਸੀ ਕਿ ਸ਼ਾਇਦ ਮੈਂ ਚੁਣਿਆ ਹੀ ਨਾ ਜਾਵਾਂ, ਪਰ ਜਿੱਤ ਤਕ ਦਾ ਸਫਰ ਸ਼ਾਨਦਾਰ ਰਿਹਾ।’ ਉਸ ਨੇ ਕਿਹਾ, ‘ਮੈਂ ਜੱਜਾਂ ਤੇ ਟੀਮ ਤੋਂ ਬਹੁਤ ਕੁਝ ਸਿੱਖਿਆ।

## ਮਲੇਸ਼ੀਆ ਦੀ ਸਰਕਾਰ ਡਿੱਗੀ, ਪ੍ਰਧਾਨ ਮੰਤਰੀ ਮੁਹਿਊਦੀਨ ਯਾਸੀਨ ਦਾ ਅਸਤੀਫਾ




ਕੁਆਲਾਲੰਪੁਰ, 17 ਅਗਸਤ (ਪੋਸਟ ਬਿਊਰੋ)- ਮਲੇਸ਼ੀਆ ਦੇ ਪ੍ਰਧਾਨ ਮੰਤਰੀ ਮੁਹਿਊਦੀਨ ਯਾਸੀਨ ਨੇ ਸੱਤਾ ਸੰਭਾਲਣ ਦੇ 18 ਮਹੀਨੇ ਤੋਂ ਵੀ ਘੱਟ ਸਮਾਂ ਪਹਿਲੇ, ਕੱਲ੍ਹ ਮਲੇਸ਼ੀਆ ਦੇ ਨਰੇਸ਼ ਨੂੰ ਅਸਤੀਫਾ ਦੇ ਦਿੱਤਾ। ਉਹ ਦੇਸ਼ ਦੀ ਸੱਤਾ ਵਿੱਚ ਸਭ ਤੋਂ ਘੱਟ ਸਮੇਂ ਤਕ ਸੱਤਾ ਉੱਤੇ ਕਾਬਜ਼ ਰਹਿਣ ਵਾਲੇ ਨੇਤਾ ਬਣ ਗਏ ਹਨ। ਉਹ ਮਾਰਚ 2020 ਵਿੱਚ ਪ੍ਰਧਾਨ ਮੰਤਰੀ ਬਣੇ ਸਨ। ਇਸ ਤੋਂ ਪਹਿਲਾਂ ਉਨ੍ਹਾਂ ਨੇ ਇਹ ਸਵੀਕਾਰ ਕੀਤਾ ਸੀ ਕਿ ਸ਼ਾਸਨ ਕਰਨ ਦੇ ਲਈ ਲੋੜੀਂਦਾ ਬਹੁਮਤ ਸਮਰਥਨ ਉਨ੍ਹਾਂ ਨੂੰ ਹਾਸਲ ਨਹੀਂ ਹੈ ਅਤੇ ਕੱਲ੍ਹ ਉਨ੍ਹਾਂ ਨੇ ਅਸਤੀਫਾ ਦੇ ਦਿੱਤਾ ਹੈ।

ਵਿਗਿਆਨ ਮੰਤਰੀ ਖੈਰੀ ਜਮਾਊਦਦੀਨ ਨੇ ਇੰਸਟਗ੍ਰਾਮ ਉੱਤੇ ਲਿਖਿਆ, ਮੰਤਰੀ ਮੰਡਲ ਨੇ ਰਾਜਾ ਨੂੰ ਅਸਤੀਫਾ ਸੌਂਪ ਦਿੱਤਾ ਹੈ। ਇਸ ਤੋਂ ਪਹਿਲਾਂ ਮੁਹਿਊਦੀਨ ਯਾਸੀਨ ਬੀਤੇ ਦਿਨ ਮਲੇਸ਼ੀਆ ਰਾਜੇ ਨੂੰ ਮਿਲਣ ਰਾਜ ਮਹਿਲ ਪਹੁੰਚੇ ਸਨ। ਇਸ ਦੇ ਬਾਅਦ ਉਨ੍ਹਾਂ ਨੇ ਅਸਤੀਫਾ ਦੇ ਦਿੱਤਾ। ਉਪ ਖੇਡ ਮੰਤਰੀ ਵਾਨ ਅਹਿਮਦ ਫਯਹਸਲ ਵਾਨ ਅਹਿਮਦ ਕਮਾਲ ਨੇ ਫੇਸਬੁਕ ਉੱਤੇ ਪੋਸਟ ਲਿਖੀ, ਜਿਸ ਵਿੱਚ ਮੁਹਿਊਦੀਨ ਦੀ ਅਗਵਾਈ ਤੇ ਸੇਵਾ ਲਈ ਉਨ੍ਹਾਂ ਪ੍ਰਤੀ ਧੰਨਵਾਦ ਕੀਤਾ। ਪਹਿਲਾਂ ਤੋਂ ਸੰਸਾਰ ਮਹਾਮਾਰੀ ਕੋਰੋਨਾ ਵਾਇਰਸ ਨਾਲ ਜੂਝ ਰਹੇ ਦੇਸ਼ ਵਿੱਚ ਸਿਆਸੀ ਸੰਕਟ ਵੀ ਖੜ੍ਹਾ ਹੋ ਗਿਆ ਹੈ। ਨੇਤਾਵਾਂ ਦਰਮਿਆਨ ਚੋਟੀ ਦੇ ਅਹੁਦੇ ਲਈ ਦੌੜ ਸ਼ੁਰੂ ਹੋ ਗਈ ਹੈ ਅਤੇ ਉਪ ਪ੍ਰਧਾਨ ਮੰਤਰੀ ਇਸਮਾਈਲ ਸਾਬਰੀ ਸਮਰਥਨ ਇਕੱਠਾ ਕਰ ਰਹੇ ਹਨ। ਮੁਹਿਊਦੀਨ ਦੇ ਖਿਲਾਫ ਜਨਤਾ ਵਿੱਚ ਰੋਸ ਵਧਦਾ ਜਾ ਰਿਹਾ ਸੀ।

## ਅਸ਼ਰਫ ਗਨੀ ਦੌੜਨ ਲੱਗਾ ਲੱਖਾਂ ਡਾਲਰ ਨਾਲ ਲੈ ਗਿਆ

ਮਾਸਕੋ, 17 ਅਗਸਤ (ਪੋਸਟ ਬਿਊਰੋ)- ਅਫ਼ਗਾਨਿਸਤਾਨ ਦੇ ਰਾਸ਼ਟਰਪਤੀ ਅਸ਼ਰਫ਼ ਗਨੀ ਯੁੱਧ ਗ੍ਰਸਤ ਦੇਸ਼ ਤੋਂ ਡਾਲਰ ਦੇ ਨੋਟਾਂ ਨਾਲ ਭਰੇ ਹੈਲੀਕਾਪਟਰ ਵਿੱਚ ਸਵਾਰ ਹੋ ਕੇ ਵਿਦੇਸ਼ ਭੱਜ ਗਏ, ਪਰ ਕੁਝ ਨਕਦੀ ਉਨ੍ਹਾਂ ਨੂੰ ਛੱਡਣੀ ਪਈ ਕਿਉਂਕਿ ਉਹ ਉਸ ਨੂੰ ਹੈਲੀਕਾਪਟਰ ਵਿੱਚ ਨਹੀਂ ਸਨ ਰੱਖ ਸਕੇ ਅਤੇ ਕਾਹਲੀ ਵਿੱਚ ਦੌੜਨਾ ਪਿਆ ਸੀ।



ਅਮਰੀਕਾ ਦੇ ਸਮਰਥਨ ਵਾਲੀ ਗਨੀ ਸਰਕਾਰ ਦੇ ਅਚਾਨਕ ਪਤਨ ਦੇ ਬਾਅਦ ਤਾਲਿਬਾਨ ਨੇ ਪਰਸੋਂ ਕਾਬੁਲ ਉੱਤੇ ਵੀ ਕਬਜ਼ਾ ਕਰ ਲਿਆ, ਜਿਸ ਦੇ ਬਾਅਦ ਰਾਸ਼ਟਰਪਤੀ ਨੂੰ ਦੇਸ਼ ਛੱਡ ਰਹੇ ਹੋਰਨਾਂ ਨਾਗਰਿਕਾਂ ਅਤੇ ਵਿਦੇਸ਼ੀਆਂ ਨਾਲ ਦੇਸ਼ ਛੱਡਣ ਲਈ ਮਜਬੂਰ ਹੋਣਾ ਪਿਆ। ਕਾਬੁਲ ਵਿੱਚ ਰੂਸੀ ਦੂਤਘਰ ਦੇ ਹਵਾਲੇ ਨਾਲ ਰੂਸ ਦੀ ਅਧਿਕਾਰਤ ਸਮਾਚਾਰ ਏਜੰਸੀ ‘ਤਾਸ' ਨੇ ਦੱਸਿਆ ਕਿ 72 ਸਾਲਾ ਰਾਸ਼ਟਰਪਤੀ ਪੈਸਿਆਂ ਨਾਲ ਭਰੇ ਹੈਲੀਕਾਪਟਰ ਵਿੱਚ ਸਵਾਰ ਹੋ ਕੇ ਵਿਦੇਸ਼ ਭੱਜ ਗਏ ਸਨ। ਚਾਰ ਕਾਰਾਂ ਪੈਸਿਆਂ ਨਾਲ ਭਰੀਆਂ ਹੋਈਆਂ ਸਨ ਤੇ ਉਨ੍ਹਾਂ ਨੇ ਨਕਦੀ ਨਾਲ ਭਰੇ ਇੱਕ ਹੋਰ ਬੈਗ ਨੂੰ ਹੈਲੀਕਾਪਟਰ ਵਿੱਚ ਰੱਖਣ ਦੀ ਕੋਸ਼ਿਸ਼ ਕੀਤੀ, ਪਰ ਸਾਰਾ ਪੈਸਾ ਹੈਲੀਕਾਪਟਰ ਵਿੱਚ ਉਹ ਨਹੀਂ ਰੱਖ ਸਕੇ ਅਤੇ ਕੁਝ ਪੈਸੇ ਹੈਲੀਪੈਡ ਉੱਤੇ ਹੀ ਛੱਡ ਗਏ। ‘ਤਾਸ' ਨੇ ਇਹ ਦੱਸਣ ਵਾਲੇ ਮਿਸ਼ਨ ਅਧਿਕਾਰੀ ਦਾ ਨਾਂਅ ਨਹੀਂ ਦੱਸਿਆ, ਪਰ ਰੂਸ ਦੇ ਕੂਟਨੀਤਕ ਮਿਸ਼ਨ ਦੇ ਬੁਲਾਰੇ ਨਿਕਿਤਾ ਇਸ਼ੇਂਕੋ ਦੇ ਹਵਾਲੇ ਨਾਲ ਸਪੂਤਨਿਕ ਨੇ ਦੱਸਿਆ ਕਿ ਗਨੀ ਜਦੋਂ ਕਾਬੁਲ ਛੱਡ ਰਹੇ ਸਨ ਤਾਂ ਪੈਸਿਆਂ ਨਾਲ ਭਰੀਆਂ ਚਾਰ ਕਾਰਾਂ ਉਨ੍ਹਾਂ ਦੇ ਨਾਲ ਸਨ।

# ਇਮਰਾਨ ਖਾਨ ਕਹਿੰਦੈ: ਅਫਗਾਨਾਂ ਨੇ ਗੁਲਾਮੀ ਦੀਆਂ ਜ਼ੰਜੀਰਾਂ ਤੋੜੀਆਂ

ਇਸਲਾਮਾਬਾਦ, 17 ਅਗਸਤ (ਪੋਸਟ ਬਿਊਰੋ)- ਅਫਗਾਨਿਸਤਾਨ ਵਿੱਚ ਵਿਗੜਦੀ ਸਥਿਤੀ ਬਾਰੇ ਕੱਲ੍ਹ ਪਾਕਿ-ਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਦੇਸ਼ ਦੀ ਸੁਰੱਖਿਆ ਕਮੇਟੀ ਨਾਲ ਬੈਠਕ ਕੀਤੀ ਹੈ।

ਇਸ ਮੌਕੇ ਫੌਜ ਮੁਖੀ ਜਰਨਲ ਕਮਰ ਜਾਵੇਦ ਬਾਜਵਾ ਤੇ ਵਿਦੇਸ਼ ਮੰਤਰੀ ਮਹਿਮੂਦ ਕੁਰੈਸ਼ੀ ਹਾਜ਼ਰ ਸਨ, ਜਿੱਥੇਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਇਸ ਮਾਮਲੇ ਉੱਤੇ ਤੁਰਕੀ ਦੇ ਰਾਸ਼ਟਰਪਤੀ ਨਾਲ ਵੀ ਗੱਲਬਾਤ ਕੀਤੀ ਹੈ। ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਕਾਬੁਲ ਉਤੇ ਤਾਲਿਬਾਨ ਦੇ ਕਬਜ਼ੇ ਨੂੰ ਜਾਇਜ਼ ਠਹਿਰਾਉਂਦੇ ਨਜ਼ਰ ਆਏ। ਉਨ੍ਹਾਂ ਕਿਹਾ ਕਿ ਗੁਆਂਢੀ ਮੁਲਕ ਨੇ ‘ਗੁਲਾਮੀ ਦੀਆਂ ਜ਼ੰਜੀਰਾਂ' ਤੋੜ ਦਿੱਤੀਆਂ ਹਨ। ਵਰਨਣ ਯੋਗ ਹੈ ਕਿ ਪਾਕਿਸਤਾਨ ਉਤੇ ਤਾਲਿਬਾਨ ਦਾ ਪੱਖ ਪੂਰਨ ਦੇ ਦੋਸ਼ ਲੱਗਦੇ ਹਨ। ਪਾਕਿਸਤਾਨ ਇਸ ਤੋਂ ਪਹਿਲਾਂ ਕਹਿ ਚੁੱਕਾ ਹੈ ਕਿ ਉਹ ਅਫਗਾਨਿਸਤਾਨ ਵਿੱਚ ਸਭ ਦੀ ਸਾਂਝੀ ਵਿਆਪਕ ਸਰਕਾਰ ਦਾ ਹਾਮੀ ਹੈ। ਪਾਕਿਸਤਾਨ ਦੂਜੇ ਦੇਸ਼ਾਂ ਦੇ ਦੂਤਾਵਾਸਾਂ ਦੇ ਸਟਾਫ ਨੂੰ ਅਫਗਾਨਿਸਤਾਨ ਵਿੱਚੋਂ ਕੱਢਣ ਲਈ ਵੀ ਮਦਦ ਕਰ ਰਿਹਾ ਹੈ। ਇਸੇ ਦੌਰਾਨ ਪਾਕਿਸਤਾਨ ਦੇ ਵਿਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਨੇ ਕਿਹਾ ਹੈ ਕਿ ਕੌਮਾਂਤਰੀ ਭਾਈਚਾਰੇ ਨੂੰ ਅਫਗਾਨਿਸਤਾਨ ਨਾਲ ਗੱਲਬਾਤ ਕਰਦੇ ਰਹਿਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪਾਕਿਸਤਾਨ ਮੁਲਕ ਵਿੱਚ ਸਿਆਸੀ ਸਥਿਰਤਾ ਕਰਨ ਲਈ ਬਣਦੀ ਭੂਮਿਕਾ ਨਿਭਾਉਂਦਾ ਰਹੇਗਾ। ਕੁਰੈਸ਼ੀ ਨੇ ਇਸਲਾਮਾਬਾਦ ਵਿੱਚ ਅਫਗਾਨ ਆਗੂਆਂ ਦੇ ਇੱਕ ਵਫਦ ਨਾਲ ਵੀ ਗੱਲਬਾਤ ਕੀਤੀ ਹੈ।

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005

AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-

Karnail Singh
416.670.3173 | 905.799.7333
27 Edvac Dr, Brampton, ON L6S 5X8

WORK MATCH INC.
ਲੈਂਡਸਕੇਪ ਕਾਮਿਆਂ ਦੀ ਲੋੜ
ਫੁਲਟਾਈਮ, ਪਰਮਾਨੈਂਟ ਕਾਮਿਆਂ ਦੀ ਲੋੜ
* ਡਰਾਈਵਿੰਗ ਲਾਈਸੈਂਸ ਹੋਣਾ ਚਾਹੀਦਾ ਹੈ।
* ਕੰਮ ਕਰਨ ਦਾ ਥੋੜ੍ਹਾ-ਬਹੁਤ ਤਜਰਬਾ ਹੋਵੇ।
* ਤਨਖਾਹ 15.50 ਤੋਂ 16.50 ਡਾਲਰ ਪ੍ਰਤੀ ਘੰਟਾ ਦਿੱਤੀ ਜਾਵੇਗੀ।

ਹੁਣੇ ਅਪਲਾਈ ਕਰੋ: +1(416) 473-9677
info@worksmatch.com
www.worksmatch.com

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
Afternoon and Midnight Shifts Available.
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੋਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ:
80 West Drive, Brampton
Apply In Person to complete application in the Shipping Department

